# ਜਾਲਮ ਗਲੇ ਤੋਂ ਫੜਨਾ  ਪੇਣਾ

ਲਖਾਂ ਸਿਰਾਂ ਦੇ ਵਾਲਾ ਰਾਵਣ
ਸੀਤਾਵਾਂ ਦਸ ਕਿਥੇ ਜਾਵਣ
ਹਰ ਗਲੀ ਵਿਚ ਰਾਵਣ ਫਿਰਦਾ
ਕਿਸ ਕੁਟੀਆ ਵਿਚ ਮੁਹੰ ਲੁਕਾਵਨ
ਏਨੇ  ਰਾਵਣ ਤਾਂ ਮਰਨਗੇ
ਜੇਕਰ ਰੋਜ਼ ਦੁਸੇਹਰਾ ਹੋਵੇ
ਹਥ ਵਿਚ ਤੀਰ ਕਮਾਨ ਹੋਵੇ
ਹਰ ਮੁਹੱਲੇ ਰਾਮ ਖੜੋਵੇ

ਚਾਰੇ ਪੱਸੇ ਘੁਪ ਹਨੇਰਾ
ਜੁਗਨੂ ਤੋਂ ਕੁਝ ਨਹੀਓਂ ਬਣਨਾ
ਸੂਰਜ ਹੋਰ ਉਗੋਨੇ ਪੇਣੇ
ਤਾਂ ਹੀ ਜਾ ਕੇ ਬੁੱਤਾ ਸਰਨਾ
ਸੂਰਜ ਭਗਤ ਸਿੰਘ ਦਾ ਹੋਵੇ
ਜਾਂ ਕਰਤਾਰ ਸਰਾਭੇ ਦਾ
ਸੂਰਜ ਉਧਮ ਸਿੰਘ ਦਾ ਹੋਵੇ
ਜਾਂ ਕਿਸੇ ਗਦਰੀ ਬਾਬੇ ਦਾ

ਸਾਰੇ ਸੂਰਜ ਕਠੇ ਹੋ ਕੇ
ਇਕ ਦਿਨ ਫੇਰਾ ਪਾ ਜਾਵਣ ਜੇ
ਦੇਸ਼ ਮੇਰੇ ਦੇ ਅੰਦਰ ਰਲ ਕੇ
ਕਠੀ ਅਲਖ  ਜਗਾ ਜਾਵਨ ਜੇ
ਇਸ ਗਲ ਵਿਚ ਸ਼ਕ ਨਾਂ ਕੋਈ
ਜਿਤ ਤਾਂ ਸਾਡੀ ਹੀ ਹੋਣੀ ਹੈ
ਚਾਰਾਂ ਪਾਸ਼ੋਂ ਘੇਰ ਕੇ ਬਿੱਲੀ
ਘੰਟੇ ਗਲ  ਦੇ ਵਿਚ ਪੋਣੀ ਹੈ

ਪੁਛ ਦੇ ਉੱਪਰ ਕਪੜਾ  ਬੰਨ  ਕੇ
ਉੱਪਰ ਤੇਲ ਵੀ ਪੋਣਾ ਪੇਣਾ
ਮੁੜ ਕੇ ਹਥ ਵਿਚ ਤੀਲੀ ਲੈ ਕੇ
ਪੁਛ ਨੂੰ ਲਾਮ੍ਬੂ ਲੋਣਾ  ਪੇਣਾ

ਸਾਰਾ ਲੋਟੂ ਢਾਨਾ ਕਠਾ
ਲੁਟਨਾ ਵੰਡਣਾ  ਖਾਣਾ ਕਠਾ
ਦਿਆਨਤਦਾਰ ਨੇ ਕੱਲੇ ਕੱਲੇ
ਖਾਂਦੇ ਮਾਰ ਨੇ ਕੱਲੇ ਕੱਲੇ
ਆ ਗਏ ਕਈ ਟਰੱਕਾਂ ਥੱਲੇ
ਹਾਕਮ ਉੱਤੇ ਅਸਰ ਨਹੀਂ ਬਹੁਤਾ
ਅਜੇ ਉਹਨਾਂ ਦੀ ਬੱਲੇ ਬੱਲੇ
ਕਠੇ ਹੋ ਕੇ ਲੜਨਾ ਪੇਣਾ
ਜਾਲਮ ਗਲੇ ਤੋਂ ਫੜਨਾ  ਪੇਣਾ